Driver Resource Center

# ਅਕਸਰ ਪੁੱਛੇ ਜਾਂਦੇ ਸਵਾਲ

1. ਮੈਂ ਮੁਲਾਕਾਤ ਕਿਵੇਂ ਨਿਰਧਾਰਤ ਕਰਾਂ?

   ਤੁਸੀਂ ਡਰਾਈਵਰ ਰਿਸੋਰਸ ਸੈਂਟਰ (Driver Resource Center) ਦੀ ਵੈੱਬਸਾਈਟ https://portal.driverresourcecenter.tlc.nyc.gov 'ਤੇ ਮੁਲਾਕਾਤ ਨਿਰਧਾਰਤ ਕਰ ਸਕਦੇ ਹੋ। ਜੇ ਤੁਹਾਨੂੰ ਮੁਲਾਕਾਤ ਨਿਰਧਾਰਤ ਕਰਨ ਵਿੱਚ ਕਿਸੇ ਕਿਸਮ ਦੀ ਕੋਈ ਦਿੱਕਤ ਆ ਰਹੀ ਹੈ, ਤਾਂ ਕਿਰਪਾ ਕਰਕੇ driversupport@tlc.nyc.gov 'ਤੇ ਸੰਪਰਕ ਕਰੋ ਅਤੇ ਪੇਸ਼ ਆ ਰਹੀ ਦਿੱਕਤ ਦਾ ਵੇਰਵਾ ਦਿਓ।

2. ਕੀ ਮੁਲਾਕਾਤ ਨਿਰਧਾਰਤ ਕਰਨ ਲਈ ਮੇਰਾ ਖਾਤਾ ਹੋਣਾ ਚਾਹੀਦਾ ਹੈ?

   ਨਹੀਂ, ਤੁਹਾਨੂੰ ਮੁਲਾਕਾਤ ਨਿਰਧਾਰਤ ਕਰਨ ਲਈ ਖਾਤੇ ਦੀ ਲੋੜ ਨਹੀਂ ਹੁੰਦੀ ਹੈ? ਤੁਸੀਂ ਕਿਸੇ ਵੀ ਸਮੇਂ ਸਾਡੇ ਪੋਰਟਲ ਦੇ ਪੰਨੇ 'ਤੇ ਆਪਣੀਆਂ ਨਿਰਧਾਰਤ ਕੀਤੀਆਂ ਗਈਆਂ ਮੁਲਾਕਾਤਾਂ ਤੱਕ ਪਹੁੰਚ ਕਰ ਸਕੋਗੇ।

3. ਮੈਂ ਆਪਣੀ ਮੁਲਾਕਾਤ ਨੂੰ ਰੱਦ ਜਾਂ ਮੁੜ-ਨਿਰਧਾਰਤ ਕਿਵੇ ਕਰਾਂ?

   ਡਰਾਈਵਰ ਰਿਸੋਰਸ ਸੈਂਟਰ (Driver Resource Center) ਦੀ ਵੈੱਬਸਾਈਟ https://portal.driverresourcecenter.tlc.nyc.gov 'ਤੇ ਜਾਓ ਅਤੇ ਮੇਰੀ ਮੁਲਾਕਾਤ ਰੱਦ ਕਰੋ 'ਤੇ ਕਲਿੱਕ ਕਰੋ। ਆਪਣੀ ਮੁਲਾਕਾਤ ਨੂੰ ਰੱਦ ਕਰਨ ਤੋਂ ਬਾਅਦ, ਤੁਸੀਂ ਉਸੇ ਸੇਵਾ ਦੇ ਨਾਲ ਮੁਲਾਕਾਤ ਦਾ ਸਮਾਂ ਤੈਅ ਕਰੋ 'ਤੇ ਕਲਿੱਕ ਕਰਕੇ ਇੱਕ ਹੋਰ ਮੁਲਾਕਾਤ ਨਿਰਧਾਰਤ ਕਰ ਸਕਦੇ ਹੋ।

4. ਕੀ ਮੈਂ ਕਈ ਮੁਲਾਕਾਤਾਂ ਨਿਰਧਾਰਤ ਕਰ ਸਕਦਾ/ਸਕਦੀ ਹਾਂ?

   ਹਾਂ, ਤੁਸੀਂ ਕਈ ਮੁਲਾਕਾਤਾਂ ਨਿਰਧਾਰਤ ਕਰ ਸਕਦੇ ਹੋ, ਬਸ਼ਰਤੇ ਉਹ ਸਭ ਵੱਖੋ-ਵੱਖਰੀ ਸੇਵਾਵਾਂ ਲਈ ਹੋਣ। ਕਲਾਇੰਟ ਇੱਕ ਸਮੇਂ ਇੱਕ ਸੇਵਾ ਲਈ ਸਿਰਫ ਇੱਕ ਮੁਲਾਕਾਤ ਹੀ ਨਿਰਧਾਰਤ ਕਰ ਸਕਦੇ ਹਨ।

5. ਮੈਨੂੰ ਮੁਲਾਕਾਤ ਵਾਸਤੇ ਆਉਂਦੇ ਕਿਹੜੇ ਦਸਤਾਵੇਜ਼ ਨਾਲ ਲਿਆਉਣੇ ਚਾਹੀਦੇ ਹਨ?

**ਕਨੂੰਨੀ ਸੇਵਾਵਾਂ ਲਈ:**

**ਸਾਰੇ ਮਾਮਲਿਆਂ ਲਈ** (ਨਾਮ, ਫ਼ੋਨ ਨੰਬਰ ਜਿਹੀ ਬੁਨਿਆਦੀ ਪਿਛੋਕੜ ਜਾਣਕਾਰੀ ਤੋਂ ਇਲਾਵਾ, ਸਾਨੂੰ ਹੇਠਾਂ ਦਿੱਤੀ ਜਾਣਕਾਰੀ ਦੀ ***ਲੋੜ*** ਹੁੰਦੀ ਹੈ):

- ਪਤਾ (ਜ਼ਿਪ ਕੋਡ ਸਮੇਤ)
- ਜਨਮ ਤਰੀਕ
- ਪਰਿਵਾਰ ਦੇ ਕੁੱਲ ਜੀਅ
- ਜਾਤੀ/ਨਸਲ
- ਲਿੰਗ

- ਆਮਦਨੀ ਅਤੇ ਆਮਦਨੀ ਦੀ ਕਿਸਮ (ਰੁਜ਼ਗਾਰ ਅਤੇ/ਜਾਂ ਹੋਰ);
- ਦੁਭਾਸ਼ੀਏ ਦੀ ਲੋੜ
- ਕਨੂੰਨੀ ਸਮੱਸਿਆ

**ਹੇਠ ਲਿਖਿਆਂ ਲਈ ਲੋੜੀਂਦੇ ਵਧੀਕ ਕਨੂੰਨੀ ਦਸਤਾਵੇਜ਼:**

**ਦਿਵਾਲੀਏਪਣ**

- ਕ੍ਰੈਡਿਟ ਰਿਪੋਰਟ
- ਕੋਈ ਅਤੇ ਸਾਰੇ ਢੁੱਕਵੇਂ ਅਦਾਲਤੀ ਦਸਤਾਵੇਜ਼

**ਕਾਰ ਦਾ ਕਰਜ਼ਾ**

- ਰੀਟੇਲ ਕਿਸ਼ਤ ਸਮਝੌਤੇ ਦੀ ਕਾਪੀ
- ਕੋਈ ਅਤੇ ਸਾਰੇ ਸੰਬੰਧਿਤ ਸਮਝੌਤੇ ਜਾਂ ਹਸਤਾਖਰ ਕੀਤੇ ਦਸਤਾਵੇਜ਼
- ਕਾਰ ਦੀ ਮੁੜ-ਵਿਕਰੀ ਜਾਂ ਮੁੜ-ਕਬਜ਼ੇ ਨਾਲ ਜੁੜੇ ਕੋਈ ਅਤੇ ਸਾਰੇ ਨੋਟਿਸ
- ਕੋਈ ਅਤੇ ਸਾਰੇ ਦਸਤਾਵੇਜ਼ ਜਿੰਨ੍ਹਾਂ ਦੀ ਵਰਤੋਂ ਧੋਖਾਧੜੀ ਦੇ ਸਬੂਤ ਦੇ ਤੌਰ ‘ਤੇ ਕੀਤੀ ਜਾ ਸਕਦੀ ਹੈ

**ਉਧਾਰੀ ਦੀ ਵਸੂਲੀ**

- ਕੋਈ ਅਤੇ ਸਾਰੇ ਅਦਾਲਤੀ ਦਸਤਾਵੇਜ਼
- ਕੁਰਕੀ ਦੇ ਨੋਟਿਸ
- ਬੈਂਕ ਵੱਲੋਂ ਬੰਧੇਜ ਸੰਬੰਧੀ ਨੋਟਿਸ
- ਸੇਵਾ ਦੇ ਹਲਫ਼ਨਾਮੇ

**ਉਧਾਰੀ ਦਾ ਨਿਪਟਾਰਾ**

- ਉਧਾਰੀ ਨਿਪਟਾਰੇ ਦਾ ਸਮਝੌਤਾ

**ਕਿਰਾਏ ਦੀ ਬਕਾਇਆ ਰਕਮ ਦੇ ਆਧਾਰ ‘ਤੇ ਉਧਾਰੀ ਦੀ ਵਸੂਲੀ** (ਦੀਵਾਨੀ ਅਦਾਲਤ ਵਿੱਚ ਹੋਵੇ, ਅਦਾਲਤੀ ਦਸਤਾਵੇਜ਼ “CV” ਨਾਲ ਸ਼ੁਰੂ ਹੋਣੇ ਚਾਹੀਦੇ ਹਨ)

- ਕਿਰਾਏ ਦੀ ਬਕਾਇਆ ਰਕਮ ਨਾਲ ਜੁੜੇ ਕੋਈ ਅਤੇ ਸਾਰੇ ਦੀਵਾਨੀ ਅਦਾਲਤ ਦੇ ਦਸਤਾਵੇਜ਼
- ਪਟੇ ਦੀਆਂ ਨਕਲਾਂ
- ਕੋਈ ਅਤੇ ਸਾਰੇ ਮਕਾਨ ਸੰਬੰਧੀ ਅਦਾਲਤ ਦੇ ਦਸਤਾਵੇਜ਼

**ਵਿਦਿਆਰਥੀ ਕਰਜ਼ (ਸੰਘੀ)**

- NSLDS ਰਿਪੋਰਟ—***ਇਸ ਦੇ ਬਿਨਾਂ ਹਵਾਲਿਆਂ ਨੂੰ ਅਸਵੀਕਾਰ ਕਰ ਦਿੱਤਾ ਜਾਵੇਗਾ***
- ਕਰਜ਼ਾ ਲਾਹੁਣ, ਫੈਸਲਿਆਂ, ਖਜਾਨੇ ਦੀਆਂ ਸੂਚਨਾਵਾਂ ਅਤੇ ਕਿਸੇ ਵੀ ਸਰਕਾਰੀ ਦਸਤਾਵੇਜ਼, ਆਦਿ ਨਾਲ ਜੁੜੇ ਦਸਤਾਵੇਜ਼।

**ਵਿਦਿਆਰਥੀ ਕਰਜ਼ (ਨਿੱਜੀ)**

- ਕਰਜ਼ ਦੇਣ ਸੰਬੰਧੀ ਕੋਈ ਅਤੇ ਸਾਰੇ ਦਸਤਾਵੇਜ਼ ਜਿਵੇਂ ਕਿ ਪੱਤਰ-ਵਿਹਾਰ, ਸੂਚਨਾਵਾਂ, ਆਦਿ
- ਕਰਜ਼ੇ ਨਾਲ ਜੁੜੇ ਕੋਈ ਅਤੇ ਸਾਰੇ ਅਦਾਲਤੀ ਦਸਤਾਵੇਜ਼

**ਪਛਾਣ ਦੀ ਚੋਰੀ**

- ਪਛਾਣ ਦੀ ਚੋਰੀ ਦੀ ਦਰਜ ਕਰਾਈ ਗਈ ਕੋਈ ਰਿਪੋਰਟ
- ਕ੍ਰੈਡਿਟ ਰੋਕਣ ਜਾਂ ਵਿਵਾਦਾਂ ਨਾਲ ਜੁੜੇ ਕੋਈ ਵੀ ਦਸਤਾਵੇਜ਼

**ਮੈਡਲੀਅਨ**

- ਕਿਸੇ ਵੀ ਖਰੀਦ ਲਈ ਜਾਂ ਮੈਡਲੀਅਨ ਦੇ ਪੁਨਰ ਵਿੱਤ ਲਈ ਸਾਰੇ ਸਮਾਪਤੀ ਦਸਤਾਵੇਜ਼

**ਸੰਪੱਤੀ**

- ਮਾਲਿਕਾਣਾ ਹੱਕ ਵਾਲੀ ਸੰਪੱਤੀ ਦਾ ਕੋਈ ਵੀ ਇਕਰਾਰਨਾਮਾ

**ਹੋਰ**

- ਕ੍ਰੈਡਿਟਰ ਜਾਂ ਜਨਤਕ ਏਜੰਸੀਆਂ ਵੱਲੋਂ ਕੋਈ ਵੀ ਪੱਤਰ (ਭਾਵ ਅਪਾਹਜਤਾ ਲਾਭਾਂ ਤੋਂ ਇਨਕਾਰ)
- ਮੁਕੱਦਮੇਬਾਜ਼ੀ ਨਾਲ ਜੁੜੇ ਕੋਈ ਵੀ ਕਾਗਜ਼

**ਵਿੱਤੀ ਸਲਾਹ ਲਈ:**

ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਆਪਣੇ ਵਿੱਤੀ ਬਿਓਰਿਆਂ ਨਾਲ ਜੁੜੇ ਦਸਤਾਵੇਜ਼ਾਂ ਅਤੇ ਖ਼ਾਸ ਕਰਕੇ ਮੁਲਾਕਾਤ ਨਿਰਧਾਰਤ ਕਰਨ ਨਾਲ ਜੁੜੇ ਜਿੰਨੇ ਹੋ ਸਕੇ, ਵੱਧ ਤੋਂ ਵੱਧ ਦਸਤਾਵੇਜ਼ਾਂ ਲੈ ਕੇ ਆਓ। ਕੁਝ ਉਦਾਹਰਣਾਂ ਹਨ:

- ਆਮਦਨੀ ਦਾ ਵੇਰਵਾ (ਟੈਕਨੋਲੋਜੀ ਪ੍ਰਦਾਤਿਆਂ ਦੇ ਬਿਓਰੇ, ਅਧਾਰ, ਆਦਿ)
- ਬਿਲ ਜਾਂ ਸਟੇਟਮੈਂਟਾਂ
- ਤੁਹਾਡੇ ਕੋਲ ਪਹਿਲਾਂ ਤੋਂ ਮੌਜੂਦ ਤੁਹਾਡੀ ਕ੍ਰੈਡਿਟ ਰਿਪੋਰਟ ਦੀਆਂ ਕਾਪੀਆਂ
- ਕਲਾਇੰਟ ਦੀਆਂ ਸੰਪੱਤੀਆਂ ਨਾਲ ਜੁੜੇ ਦਸਤਾਵੇਜ਼ (ਬੈਂਕ ਦੀ ਸਟੇਟਮੈਂਟ, ਹੋਰ ਸੰਪੱਤੀਆਂ)
- ਕ੍ਰੈਡਿਟਰ (ਜਿਵੇਂ ਕਿ ਬੈਂਕ, ਉਗਾਹੀ ਏਜੰਸੀ, ਸਰਕਾਰੀ ਏਜੰਸੀ, ਆਦਿ) ਵੱਲੋਂ ਭੇਜਿਆ ਗਿਆ ਕੋਈ ਪੱਤਰ ਜਾਂ ਦਸਤਾਵੇਜ਼
- ਮੁਨਾਫੇ ਅਤੇ ਨੁਕਸਾਨ ਦੀ ਸਟੇਟਮੈਂਟ
- ਉਗਾਹੀ ਦੇ ਨੋਟਿਸ
- ਟੈਕਸ ਰਿਟਰਨਾਂ ਦੀਆਂ ਕਾਪੀਆਂ
- ਵਿਦਿਆਰਥੀ ਕਰਜ਼ ਸੰਬੰਧੀ ਜਾਣਕਾਰੀ, ਜੋ nslds.ed.gov 'ਤੇ ਦੇਖੀ ਜਾ ਸਕਦੀ ਹੈ
- ਕ੍ਰੈਡਿਟਰਾਂ ਨਾਲ ਸੰਪਰਕ ਕਰਨ ਵੇਲੇ ਉਹਨਾਂ ਵੱਲੋਂ ਤਿਆਰ ਕੀਤੇ ਗਏ ਹੋ ਸਕਦੇ ਨੋਟਿਸ
- ਵਿੱਤੀ ਸਮੱਸਿਆਵਾਂ ਦੇ ਹੱਲ ਲਈ ਉਹਨਾਂ ਵੱਲੋਂ ਸੰਪਰਕ ਕੀਤੇ ਗਏ ਹੋ ਸਕਦੇ ਵਿਅਕਤੀਆਂ ਦੇ ਸੰਪਰਕ ਨੰਬਰ
- ਮੈਡਲੀਅਨ ਸਮਝੌਤਾ, ਜੇਕਰ ਲਾਗੂ ਹੋਵੇ
- ਮੈਡਲੀਅਨ ਦੀ ਖਰੀਦ ਵਿੱਚ ਵਰਤੀ ਗਈ ਕਿਸੇ ਵੀ ਸੰਪੱਤੀ ਨੂੰ ਨਿਰਧਾਰਤ ਕਰਦੇ ਦਸਤਾਵੇਜ਼ ਜੇ ਲਾਗੂ ਹੋਵੇ
- ਦਲਾਲ ਨਾਲ ਜੁੜੇ ਸਮਝੌਤੇ/ਦਸਤਾਵੇਜ਼ ਜੇ ਲਾਗੂ ਹੋਵੇ

6. ਮੈਂ ਫਾਲੋ-ਅੱਪ ਮੁਲਾਕਾਤ ਕਿਵੇਂ ਨਿਰਧਾਰਤ ਕਰਾਂ?

ਤੁਸੀਂ ਸਿੱਧਾ ਆਪਣੇ ਸਲਾਹਕਾਰ ਨਾਲ ਜਾਂ ਸਾਡੇ ਵੈੱਬ-ਪੰਨੇ https://portal.driverresourcecenter.tlc.nyc.gov ਰਾਹੀਂ ਆਪਣੀ ਫਾਲੋ-ਅੱਪ ਮੁਲਾਕਾਤ ਨਿਰਧਾਰਤ ਕਰ ਸਕਦੇ ਹੋ।